SED-EDU401/13/2024-2EDU4/I/875529/2024 ਮਿਤੀ, ਚੰਡੀਗੜ੍ਹ: 04.07.2024

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-4 ਸ਼ਾਖਾ)

ਹੁਕਮ

ਸ੍ਰੀ ਪ੍ਰਗਟ ਸਿੰਘ ਬਰਾੜ, ਉੱਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਫਿਰੋਜ਼ਪੁਰ ਵੱਲੋਂ ਮਿਤੀ 15.11.2023 ਨੂੰ ਪ੍ਰਤੀਬੇਨਤੀ ਪ੍ਰਾਪਤ ਹੋਈ ਸੀ। ਜਿਸ ਰਾਹੀਂ ਉਸ ਵੱਲੋਂ ਪ੍ਰਿੰਸੀਪਲ/ਉੱਪ ਜਿਲ੍ਹਾ ਸਿੱਖਿਆ ਅਫਸਰਾਂ ਤੋਂ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਦੀ ਹੋਣ ਵਾਲੀਆਂ ਤਰੱਕੀਆਂ ਵਿੱਚ ਉਸਦਾ ਕੇਸ ਹੈਂਡੀਕੈਪਡ ਕੈਟਾਗਰੀ (ਆਰਥੋ) ਵਿੱਚ ਵਿਚਾਰੇ ਜਾਣ ਸਬੰਧੀ ਬੇਨਤੀ ਕੀਤੀ ਗਈ ਸੀ। ਅਧਿਕਾਰੀ ਵੱਲੋਂ ਦਿੱਤਾ ਗਿਆ ਹੈਂਡੀਕੈਪਡ ਕੈਟਾਗਰੀ ਦਾ ਸਰਟੀਫਿਕੇਟ ਨੰ. 683 ਮਿਤੀ 23.09.1996 ਦਾ ਸੀ, ਜਿਸ ਵਿੱਚ ਉਸ ਦੀ ਡਿਸੇਬਿਲਟੀ 45% ਦਰਸਾਈ ਗਈ ਸੀ, ਪ੍ਰੰਤੂ ਉਸ ਵੱਲੋਂ ਇੱਕ ਹੋਰ ਸਰਟੀਫਿਕੇਟ ਜੋ ਕਿ ਮਿਤੀ 21.09.2020 ਨੂੰ ਸਿਵਲ ਸਰਜਨ ਫਿਰੋਜ਼ਪੁਰ ਵੱਲੋਂ ਦਿੱਤਾ ਗਿਆ ਸੀ, ਵਿੱਚ ਉਸਦੀ ਡਿਸੇਬਿਲਟੀ 40% ਦਰਸਾਈ ਗਈ ਸੀ।

2. ਇਸ ਲਈ ਅਧਿਕਾਰੀ ਦੀ ਅਪੰਗਤਾ ਸਬੰਧੀ ਸਰਕਾਰ ਦੇ ਪੱਤਰ ਮਿਤੀ 20.02.2024 ਰਾਹੀਂ ਉਸਦਾ ਮੈਡੀਕਲ ਮੁਆਇਨਾ ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ ਤੋਂ ਕਰਵਾਇਆ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਵੱਲੋਂ ਆਰਥੋ ਵਿਭਾਗ ਦੇ ਡਾਕਟਰਾਂ ਦੇ ਗਠਿਤ ਬੋਰਡ ਅਨੁਸਾਰ ਉਸਨੂੰ (POST POLIO RESIDUAL ARALYSIS) ਤੋਂ ਪੀੜਤ 43% ਡਿਸਏਬਲ ਕਰਾਰ ਦਿੱਤਾ ਗਿਆ। ਜਿਸਦੇ ਆਧਾਰ ਤੇ ਚੀਫ ਮੈਡੀਕਲ ਅਫਸਰ, ਫਿਰੋਜ਼ਪੁਰ ਵਲੋਂ ਉਸਦੀ 43% Locomotor disability ਦਾ ਅਪੰਗਤਾ ਸਰਟੀਫਿਕੇਟ ਜਾਰੀ ਕਰ ਦਿੱਤਾ ਗਿਆ ਹੈ।

3. ਇਸ ਲਈ ਸ੍ਰੀ ਪ੍ਰਗਟ ਸਿੰਘ ਬਰਾੜ ਪੁੱਤਰ ਸ੍ਰੀ ਸਵਰਨ ਸਿੰਘ ਨੂੰ 43% ਅਪੰਗਤਾ ਸਰਟੀਫਿਕੇਟ ਦੇ ਆਧਾਰ ਤੇ ਹੈਂਡੀਕੈਪਡ Locomotor disability ਤਸੱਵਰ ਕੀਤਾ ਜਾਂਦਾ ਹੈ। ਉਸਨੂੰ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 19/11/2014, 19/2/2021 ਅਤੇ RPWS ਐਕਟ ਅਨੁਸਾਰ ਅਪੰਗ ਕਰਮਚਾਰੀਆਂ ਨੂੰ ਮਿਲਣ ਵਾਲੇ ਲਾਭ ਮਿਲਣਯੋਗ ਹੋਣਗੇ।

3. ਇਹ ਹੁਕਮ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ। ਇਹ ਹੁਕਮ ਤੁਰੰਤ ਲਾਗੂ ਹੋਣਗੇ।

ਕਮਲ ਕਿਸ਼ੋਰ ਯਾਦਵ, ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਮਿਤੀ, ਚੰਡੀਗੜ੍ਹ:
02.07.2024

ਪਿ: ਅੰ: ਨੰ:/ਉਕਤ ਮਿਤੀ, ਚੰਡੀਗੜ੍ਹ: 04.07.2024

ਉਪਰੋਕਤ ਦਾ ਉਤਾਰਾ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ. ਨਗਰ ਮੋਹਾਲੀ ਨੂੰ ਉਨ੍ਹਾਂ ਦੀ ਈ ਮਿਸਲ ਨੰ: E-637595 ਦੇ ਹਵਾਲੇ ਵਿੱਚ।
2. ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਫਿਰੋਜ਼ਪੁਰ।
3. ਸੁਪਰਡੰਟ, ਸੇਵਾਵਾਂ-3 ਸ਼ਾਖਾ ਦਫ: ਡੀ.ਐਸ.ਈ. (ਸ)।
4. ਡੀ.ਐਮ. ਐਮ.ਆਈ.ਐਸ. ਵਿੰਗ ਦਫ: ਡੀ.ਜੀ.ਐਸ.ਈ., ਪੰਜਾਬ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਹਨਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕੀਤਾ ਜਾਵੇ।
5. ਸ੍ਰੀ ਪ੍ਰਗਟ ਸਿੰਘ ਬਰਾੜ, ਉੱਪ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.), ਫਿਰੋਜ਼ਪੁਰ।

(ਸੁਰਜੀਤ ਸਿੰਘ)
ਸੁਪਰਡੰਟ